ਮਿੱਠੇ ਬੱਚੇ:- "ਮਿੱਠੇ ਬੱਚੇ - ਜਿਵੇਂ ਬਾਬਾ ਸਵੀਟ ਦਾ ਪਹਾੜ ਹੈ, ਇਸ ਤਰ੍ਹਾਂ ਤੁਹਾਨੂੰ ਬੱਚਿਆਂ ਨੂੰ ਵੀ ਸਵੀਟ ਬਾਪ ਅਤੇ ਵਰਸੇ ਨੂੰ ਯਾਦ ਕਰ ਬਹੁਤ ਸਵੀਟ ਬਣਨਾ ਹੈ"

ਪ੍ਰਸ਼ਨ:- ਤੁਸੀਂ ਹੁਣ ਕਿਹੜੇ ਤਰੀਕੇ ਨਾਲ ਖ਼ੁਦ ਨੂੰ ਬਚਾ ਕੇ ਆਪਣਾ ਸਭ ਕੁਝ ਬਚਾ ਲੈਂਦੇ ਹੋ।

ਉੱਤਰ:- ਤੁਸੀਂ ਕਹਿੰਦੇ ਹੋ ਬਾਬਾ ਦੇਹ ਸਹਿਤ ਇਹ ਜੋ ਕੁਝ ਕੱਖਪਨ ਹੈ, ਅਸੀਂ ਆਪਣਾ ਸਭ ਕੁਝ ਤੁਹਾਨੂੰ ਦਿੰਦੇ ਹਾਂ ਅਤੇ ਤੁਹਾਡੇ ਕੋਲ਼ੋਂ ਫਿਰ ਉੱਥੇ (ਭਵਿੱਖ)ਵਿੱਚ ਸਭ ਕੁਝ ਲਵਾਂਗੇ ਤਾਂ ਤੁਸੀਂ ਜਿਵੇਂ ਸੇਫ (ਬਚ) ਹੋ ਗਏ। ਸਭ ਕੁਝ ਬਾਬਾ ਦੀ ਤਿਜੋਰੀ ਵਿੱਚ ਸੇਫ ਕਰ ਦਿੰਦੇ ਹੋ। ਇਹ ਸ਼ਿਵਬਾਬਾ ਦੀ ਸੇਫਟੀ ਬੈਂਕ ਹੈ। ਤੁਸੀਂ ਬਾਬਾ ਦੀ ਸੇਫ ਵਿੱਚ ਰਹਿ ਕੇ ਅਮਰ ਬਣਦੇ ਹੋ। ਤੁਸੀਂ ਕਾਲ ਤੇ ਜਿੱਤ ਪਾਉਂਦੇ ਹੋ। ਸ਼ਿਵਬਾਬਾ ਦੇ ਬਣੇ ਤਾਂ ਸੇਫ ਹੋ ਗਏ। ਬਾਕੀ ਉੱਚ ਪਦਵੀ ਪਾਉਣ ਲਈ ਪੁਰਸ਼ਾਰਥ ਕਰਨਾ ਹੈ।

ਓਮ ਸ਼ਾਂਤੀ। ਬਾਪ ਬੱਚਿਆਂ ਨੂੰ ਪੁੱਛਦੇ ਹਨ ਮਿੱਠੇ ਬੱਚੇ ਆਪਣਾ ਭਵਿੱਖ ਦਾ ਪੁਰਸ਼ੋਤਮ ਮੁੱਖ ਦੇਖਦੇ ਹੋ? ਪੁਰਸ਼ੋਤਮ ਚੋਲਾ ਦੇਖਦੇ ਹੋ? ਸਮਝ ਵਿੱਚ ਆਉਂਦਾ ਹੈ ਕਿ ਅਸੀਂ ਭਵਿੱਖ ਨਵੀਂ ਸਤਿਯੁਗੀ ਦੁਨੀਆਂ ਵਿੱਚ ਇਨ੍ਹਾਂ (ਲਕਸ਼ਮੀ ਨਾਰਾਇਣ) ਦੀ ਵੰਸ਼ਾਵਲੀ ਵਿੱਚ ਜਾਵਾਂਗੇ ਅਤੇ ਸੁਖਧਾਮ ਵਿੱਚ ਜਾਵਾਂਗੇ ਅਤੇ ਪੁਰਸ਼ੋਤਮ ਬਣਾਗੇ! ਵਿਦਿਆਰਥੀ ਜਦੋਂ ਪੜ੍ਹਦੇ ਹਨ ਤਾਂ ਬੁੱਧੀ ਵਿੱਚ ਰਹਿੰਦਾ ਹੈ ਨਾ ਕਿ ਮੈਂ ਫਲਾਣਾ ਬਣਾਂਗਾ। ਤੁਸੀਂ ਵੀ ਪੜਦੇ ਹੋ ਅਸੀਂ ਵਿਸ਼ਨੂੰ ਦੀ ਡੀਨੇਸਟੀ (ਰਾਜਧਾਨੀ) ਵਿਚ ਜਾਵਾਂਗੇ ਕਿਓਂਕਿ ਵਿਸ਼ਨੂੰ ਦੇ ਦੋ ਰੂਪ ਹਨ ਲਕਸ਼ਮੀ - ਨਾਰਾਇਣ। ਹੁਣ ਤੁਹਾਡੀ ਬੁੱਧੀ ਅਲੌਕਿਕ ਹੈ, ਹੋਰ ਕਿਸੇ ਦੀ ਬੁੱਧੀ ਵਿੱਚ ਇਹ ਗੱਲਾਂ ਨਹੀਂ ਘੁੰਮਣਗੀਆਂ। ਇਥੇ ਤੁਸੀਂ ਜਾਣਦੇ ਹੋ ਜੋ ਅਸੀਂ ਸੱਚੇ ਬਾਬਾ, ਸ਼ਿਵਬਾਬਾ ਦੇ ਨਾਲ ਬੈਠੇ ਹਾਂ। ਉੱਚੇ ਤੋਂ ਉਚਾ ਬਾਪ ਸਾਨੂੰ ਪੜ੍ਹਾ ਰਹੇ ਹਨ। ਉਹ ਹਨ ਬਹੁਤ - ਬਹੁਤ ਮਿੱਠੇ। ਉਸ ਸਵੀਟੇਸਟ ਬਾਪ ਨੂੰ ਬਹੁਤ ਲਵ ਨਾਲ ਯਾਦ ਕਰਨਾ ਹੈ। ਕਿਓਂਕਿ ਬਾਪ ਕਹਿੰਦੇ ਹਨ ਬੱਚਿਓ ਮੈਨੂੰ ਯਾਦ ਕਰਨ ਨਾਲ ਤਾਂ ਤੁਸੀਂ ਇਸ ਤਰ੍ਹਾਂ ਦੇ ਪੁਰਸ਼ੋਤਮ ਬਣੋਗੇ ਅਤੇ ਗਿਆਨ ਰਤਨਾਂ ਨੂੰ ਧਾਰਨ ਕਰਨ ਨਾਲ ਤੁਸੀਂ ਭਵਿੱਖ 21 ਜਨਮਾਂ ਦੇ ਲਈ ਪਦਮਾ ਪਦਮਪਤੀ ਬਣੋਗੇ। ਬਾਪ ਜਿਵੇਂ ਵਰ ਦਿੰਦੇ ਹਨ। ਵਰ ਮਿਲੇਗਾ ਮਿੱਠੀ -ਮਿੱਠੀ ਸਜਨੀ ਨੂੰ ਅਤੇ ਮਿੱਠੇ - ਮਿੱਠੇ ਸਪੂਤ ਬੱਚਿਆਂ ਨੂੰ।

ਮਿੱਠੇ -ਮਿੱਠੇ ਬੱਚਿਆਂ ਨੂੰ ਵੇਖ ਬਾਪ ਖੁਸ਼ ਹੁੰਦੇ ਹਨ। ਬੱਚੇ ਜਾਣਦੇ ਹਨ ਇਸ ਨਾਟਕ ਵਿੱਚ ਸਾਰੇ ਆਪਣਾ - ਆਪਣਾ ਪਾਰਟ ਵਜਾ ਰਹੇ ਹਨ। ਬੇਹੱਦ ਦਾ ਬਾਪ ਵੀ ਇਸ ਬੇਹੱਦ ਦੇ ਡਰਾਮੇ ਵਿੱਚ ਸਨਮੁੱਖ (ਸਾਮਣੇ) ਪਾਰਟ ਵਜਾ ਰਹੇ ਹਨ। ਸਵੀਟ ਬਾਪ ਦੇ ਸਵੀਟ ਬੱਚਿਆਂ ਨੂੰ ਸਵੀਟੇਸਟ ਬਾਪ ਸਾਮਣੇ ਨਜ਼ਰ ਆਉਂਦਾ ਹੈ। ਆਤਮਾ ਹੀ ਇਸ ਸ਼ਰੀਰ ਦੇ ਔਰਗਨਸ ਨਾਲ ਇਕ ਦੋ ਨੂੰ ਵੇਖਦੀ ਹੈ। ਤਾਂ ਤੁਸੀਂ ਹੋ ਸਵੀਟ ਬੱਚੇ। ਬਾਪ ਜਾਣਦੇ ਹਨ ਮੈਂ ਬੱਚਿਆਂ ਨੂੰ ਬਹੁਤ ਸਵੀਟ ਬਨਾਉਣ ਆਇਆ ਹਾਂ। ਇਹ ਲਕਸ਼ਮੀ - ਨਾਰਾਇਣ ਬਹੁਤ ਸਵੀਟ ਹਨ ਨਾ। ਜਿਵੇਂ ਇਨ੍ਹਾਂ ਦੀ ਰਾਜਧਾਨੀ ਮਿੱਠੀ ਹੈ, ਉਵੇਂ ਇਨ੍ਹਾਂ ਦੀ ਪਰਜਾ ਵੀ ਸਵੀਟ ਹੈ। ਜਦੋਂ ਮੰਦਰ ਵਿੱਚ ਜਾਂਦੇ ਹਾਂ ਤਾਂ ਇਨ੍ਹਾਂ ਨੂੰ ਕਿੰਨਾ ਸਵੀਟ ਵੇਖਦੇ ਹਾਂ। ਕਦੋਂ ਮੰਦਿਰ ਖੁੱਲ੍ਹੇ ਤਾਂ ਅਸੀਂ ਦੇਵਤਿਆਂ ਦਾ ਦਰਸ਼ਨ ਕਰੀਏ। ਦਰਸ਼ਨ ਕਰਨ ਵਾਲੇ ਸਮਝਦੇ ਹਨ ਇਹ ਸਵੀਟ ਸਵਰਗ ਦੇ ਮਾਲਿਕ ਸਨ। ਸ਼ਿਵ ਦੇ ਮੰਦਿਰ ਵਿੱਚ ਵੀ ਕਿੰਨੇ ਢੇਰ ਮਨੁੱਖ ਜਾਂਦੇ ਹਨ। ਕਿਉਂਕਿ ਉਹ ਬਹੁਤ ਮਿੱਠੇ ਤੋਂ ਮਿੱਠੇ ਹਨ। ਉਸ ਸਵੀਟੇਸਟ ਬਾਬਾ ਦੀ ਬੜੀ ਮਹਿਮਾ ਕਰਦੇ ਹਨ। ਤੁਸੀਂ ਬੱਚਿਆਂ ਨੇ ਵੀ ਬਹੁਤ ਸਵੀਟ ਬਣਨਾ ਹੈ। ਮੋਸਟ ਸਵੀਟੇਸਟ ਬਾਪ ਤੁਹਾਡੇ ਸਾਮਣੇ ਬੈਠੇ ਹਨ ਕਿਓਂਕਿ ਇਨਕਾਗਨੀਟੋ ਹਨ। ਇਨ੍ਹਾਂ ਵਰਗਾ ਸਵੀਟ ਹੋਰ ਕੋਈ ਹੋ ਨਹੀਂ ਸਕਦਾ। ਬਾਪ ਜਿਵੇਂ ਸਵੀਟ ਦਾ ਪਹਾੜ ਹੈ। ਸਵੀਟ ਬਾਪ ਹੀ ਆਕੇ ਕੜਵੀ ਦੁਨੀਆ ਨੂੰ ਬਦਲ ਸਵੀਟ ਬਣਾਉਂਦੇ ਹਨ। ਬੱਚੇ ਜਾਣਦੇ ਹਨ ਸਵੀਟੇਸਟ ਬਾਬਾ ਸਾਨੂੰ ਮੋਸਟ ਸਵੀਟੇਸਟ ਬਣਾ ਰਹੇ ਹਨ। ਹੂਬਹੂ (ਬਿਲਕੁੱਲ) ਆਪਣੇ ਵਰਗਾ ਬਣਾਉਂਦੇ ਹਨ। ਜੋ ਜਿਵੇਂ ਦਾ ਹੋਵੇਗਾ ਉਵੇਂ ਦਾ ਬਣਾਏਗਾ ਨਾ ਤਾਂ ਇਸ ਤਰ੍ਹਾਂ ਦਾ ਮਿੱਠਾ ਬਣਨ ਦੇ ਲਈ ਸਵੀਟ ਬਾਪ ਨੂੰ ਅਤੇ ਸਵੀਟ ਵਰਸੇ ਨੂੰ ਯਾਦ ਕਰਨਾ ਹੈ।

ਬਾਬਾ ਬਾਰ - ਬਾਰ ਬੱਚਿਆਂ ਨੂੰ ਕਹਿੰਦੇ ਹਨ ਮਿੱਠੇ ਬੱਚੇ, ਆਪਣੇ ਨੂੰ ਅਸ਼ਰੀਰੀ ਸਮਝ ਮੈਨੂੰ ਯਾਦ ਕਰੋ ਤਾਂ ਮੈਂ ਪ੍ਰਤਿਗਿਆ ਕਰਦਾ ਹਾਂ ਯਾਦ ਨਾਲ ਹੀ ਤੁਹਾਡੇ ਸਾਰੇ ਕਲਹਿ ਕਲੇਸ਼ ਮਿੱਟ ਜਾਣਗੇ। ਤੁਸੀਂ ਐਵਰ ਹੈਲਦੀ, ਐਵਰ ਵੈਲਦੀ ਬਣ ਜਾਓਗੇ। ਆਤਮਾ ਸਵੀਟ ਬਣੇਗੀ ਤਾਂ ਸ਼ਰੀਰ ਵੀ ਸਵੀਟ ਮਿਲੇਗਾ। ਬੱਚਿਆਂ ਨੂੰ ਇਹ ਨਸ਼ਾ ਰਹਿਣਾ ਚਾਹੀਦਾ ਹੈ ਕਿ ਮੋਸਟ ਬਿਲਵਰਡ ਬਾਪ ਦੇ ਅਸੀਂ ਬੱਚੇ ਹਾਂ ਤਾਂ ਸਾਨੂੰ ਬਾਬਾ ਦੀ ਸ਼੍ਰੀਮਤੀ ਤੇ ਚਲਣਾ ਚਾਹੀਦਾ ਹੈ। ਬਹੁਤ ਮਿੱਠਾ-ਮਿੱਠਾ ਬਾਬਾ ਸਾਨੂੰ ਬਹੁਤ ਸਵੀਟ ਬਣਾਉਂਦੇ ਹਨ। ਮੋਸਟ ਬਿਲਵਰਡ ਬਾਪ ਕਹਿੰਦੇ ਹਨ ਤੁਹਾਡੇ ਮੁੱਖ ਤੋਂ ਸਦਾ ਰਤਨ ਨਿਕਲਣੇ ਚਾਹੀਦੇ ਹਨ। ਕੋਈ ਵੀ ਕੜਵਾ ਪੱਥਰ ਨਹੀਂ ਨਿਕਲਣਾ ਚਾਹੀਦਾ। ਜਿੰਨਾਂ ਸਵੀਟ ਬਣਾਗੇ ਉਨਾਂ ਬਾਪ ਦਾ ਨਾਮ ਬਾਲਾ ਕਰਾਂਗੇ। ਤੁਸੀਂ ਬੱਚੇ ਬਾਪ ਨੂੰ ਫਾਲੋ ਕਰੋ ਤਾਂ ਤੁਹਾਨੂੰ ਫਿਰ ਸਾਰੇ ਫਾਲੋ ਕਰਨਗੇ।

ਬਾਬਾ ਤੁਹਾਡਾ ਟੀਚਰ ਵੀ ਹੈ ਨਾ। ਤਾਂ ਟੀਚਰ ਜਰੂਰ ਬੱਚਿਆਂ ਨੂੰ ਸਿੱਖਿਆ ਦੇਣਗੇ, ਬੱਚੇ, ਯਾਦ ਦਾ ਰੋਜ਼ ਆਪਣਾ ਚਾਰਟ ਰੱਖੋ। ਜਿਵੇਂ

ਵਪਾਰੀ ਲੋਕ ਰਾਤ ਨੂੰ ਮੁਰਾਦੀ ਸੰਭਾਲਦੇ ਹਨ ਨਾ, ਤਾਂ ਤੁਸੀਂ ਵਪਾਰੀ ਹੋ, ਬਾਪ ਨਾਲ ਕਿੰਨਾ ਵੱਡਾ ਵਪਾਰ ਕਰਦੇ ਹੋ। ਜਿਨ੍ਹਾਂ ਬਾਪ ਨੂੰ ਜ਼ਿਆਦਾ ਯਾਦ ਕਰੋਗੇ ਉਨ੍ਹਾਂ ਬਾਪ ਤੋਂ ਅਥਾਹ ਸੁੱਖ ਪਾਓਗੇ, ਸਤੋਪ੍ਰਧਾਨ ਬਣੋਗੇ। ਰੋਜ਼ ਆਪਣੇ ਅੰਦਰ ਜਾਂਚ ਕਰਨੀ ਹੈ। ਜਿਵੇਂ ਨਾਰਦ ਨੂੰ ਕਿਹਾ ਨਾ ਸ਼ੀਸ਼ੇ ਵਿੱਚ ਆਪਣਾ ਮੂੰਹ ਵੇਖੋ ਲਕਸ਼ਮੀ ਨੂੰ ਵਰਨ ਦੇ ਲਾਇਕ ਹੋ! ਤੁਸੀਂ ਵੀ ਵੇਖਣਾ ਹੈ ਅਸੀਂ ਅਜਿਹਾ ਬਣਨ ਦੇ ਲਾਇਕ ਹਾਂ! ਨਹੀਂ ਤਾਂ ਸਾਡੇ ਵਿੱਚ ਕੀ- ਕੀ ਕਮੀਆਂ ਹਨ, ਕਿਉਂਕਿ ਤੁਸੀਂ ਬੱਚਿਆਂ ਨੇ ਪ੍ਰਫੈਕਟ ਬਣਨਾ ਹੈ। ਬਾਪ ਆਏ ਹਨ ਪ੍ਰਫੈਕਟ ਬਣਾਉਣ ਦੇ ਲਈ, ਤਾਂ ਇਮਾਨਦਾਰੀ ਨਾਲ ਆਪਣੀ ਜਾਂਚ ਕਰਨੀ ਹੈ- ਸਾਡੇ ਵਿੱਚ ਕੀ-ਕੀ ਕਮੀ ਹੈ? ਜਿਸ ਕਾਰਣ ਸਮਝਦਾ ਹਾਂ ਕਿ ਉੱਚ ਪਦਵੀ ਨਹੀਂ ਪਾ ਸਕਾਂਗਾ। ਇਨ੍ਹਾਂ ਭੂਤਾਂ ਨੂੰ ਭਜਾਉਣ ਦਾ ਤਰੀਕਾ ਬਾਪ ਦੱਸਦੇ ਰਹਿੰਦੇ ਹਨ। ਬਾਪ ਬੈਠ ਸਾਰੀਆਂ ਆਤਮਾਵਾਂ ਨੂੰ ਵੇਖਦੇ ਹਨ, ਕਿਸੇ ਦੀ ਖ਼ਾਮੀ ਵੇਖਦੇ ਹਨ ਤਾਂ ਉਸ ਨੂੰ ਕਰੰਟ ਦਿੰਦੇ ਹਨ ਕਿ ਇਹਨਾਂ ਦਾ ਇਹ ਵਿਘਨ ਨਿੱਕਲ ਜਾਵੇ। ਜਿਨ੍ਹਾਂ ਬਾਪ ਦੀ ਮਦਦ ਕਰ ਬਾਪ ਦੀ ਮਹਿਮਾ ਕਰਦੇ ਰਹਾਂਗੇ ਤਾਂ ਇਹ ਭੂਤ ਭੱਜਦੇ ਰਹਿਣਗੇ ਅਤੇ ਤੁਹਾਨੂੰ ਬਹੁਤ ਖੁਸ਼ੀ ਹੋਵੇਗੀ, ਇਸ ਲਈ ਆਪਣੀ ਪੂਰੀ ਜਾਂਚ ਕਰਨੀ ਹੈ ਸਾਰੇ ਦਿਨ ਵਿੱਚ ਮਨਸਾ, ਵਾਚਾ, ਕਰਮਨਾ ਕਿਸੇ ਨੂੰ ਦੁੱਖ ਤੇ ਨਹੀਂ ਦਿੱਤਾ? ਸਾਖ਼ਸ਼ੀ ਹੋ ਆਪਣੀ ਚਲਣ ਨੂੰ ਵੇਖਣਾ ਹੈ, ਹੋਰਾਂ ਦੀ ਚਲਣ ਨੂੰ ਵੀ ਵੇਖ ਸਕਦੇ ਹੋ ਪਰੰਤੂ ਪਹਿਲਾਂ ਆਪਣੇ ਨੂੰ ਵੇਖਣਾ ਹੈ। ਸਿਰਫ ਦੂਸਰੇ ਨੂੰ ਵੇਖਣ ਨਾਲ ਆਪਣਾ ਭੁੱਲ ਜਾਵੋਗੇ। ਹਰੇਕ ਨੇ ਆਪਣੀ ਸਰਵਿਸ ਕਰਨੀ ਹੈ। ਦੂਸਰਿਆਂ ਦੀ ਸਰਵਿਸ ਕਰਨਾ ਮਤਲਬ ਆਪਣੀ ਸਰਵਿਸ ਕਰਨਾ। ਤੁਸੀਂ ਸ਼ਿਵਬਾਬਾ ਦੀ ਸਰਵਿਸ ਨਹੀਂ ਕਰਦੇ ਹੋ। ਸ਼ਿਵਬਾਬਾ ਤਾਂ ਸਰਵਿਸ ਤੇ ਆਏ ਹਨ ਨਾ।

ਤੁਸੀਂ ਬ੍ਰਾਹਮਣ ਬੱਚੇ ਬਹੁਤ - ਬਹੁਤ ਕੀਮਤੀ ਹੋ ਜੋ ਸ਼ਿਵਬਾਬਾ ਦੀ ਬੈਂਕ ਵਿੱਚ ਸੇਫਟੀ ਵਿੱਚ ਬੈਠੇ ਹੋ। ਤੁਸੀਂ ਬਾਬਾ ਦੀ ਸੇਫਟੀ ਵਿਚ ਰਹਿ ਕੇ ਅਮਰ ਬਣਦੇ ਹੋ। ਤੁਸੀਂ ਕਾਲ ਤੇ ਜਿੱਤ ਪਾ ਰਹੇ ਹੋ। ਸ਼ਿਵਬਾਬਾ ਦੇ ਬਣੇ ਤਾਂ ਸੇਫ ਹੋ ਗਏ। ਬਾਕੀ ਉੱਚ ਪਦ ਪਾਉਣ ਲਈ ਪੁਰਸ਼ਾਰਥ ਕਰਨਾ ਹੈ। ਦੁਨੀਆਂ ਵਿੱਚ ਮਨੁੱਖਾਂ ਕੋਲ ਕਿੰਨਾ ਵੀ ਧਨ - ਦੌਲਤ ਹੈ, ਪਰ ਹੁਣ ਸਾਰਾ ਖ਼ਤਮ ਹੋ ਜਾਣਾ ਹੈ। ਕੁਝ ਵੀ ਨਹੀਂ ਰਹੇਗਾ। ਤੁਹਾਡੇ ਕੋਲ ਤਾਂ ਹਾਲੇ ਕੁਝ ਵੀ ਨਹੀਂ ਹੈ। ਇਹ ਦੇਹ ਵੀ ਨਹੀਂ ਹੈ। ਇਹ ਵੀ ਬਾਪ ਨੂੰ ਦੇ ਦੇਵੋ। ਤਾਂ ਜਿਨ੍ਹਾਂ ਦੇ ਕੋਲ ਕੁਝ ਵੀ ਨਹੀਂ ਹੈ ਉਨ੍ਹਾਂ ਦੇ ਕੋਲ ਜਿਵੇਂ ਕਿ ਸਭ ਕੁਝ ਹੈ। ਤੁਸੀਂ ਬੇਹੱਦ ਦੇ ਬਾਪ ਨਾਲ ਸੌਦਾ ਕੀਤਾ ਹੀ ਸੀ ਭਵਿੱਖ ਨਵੀਂ ਦੁਨੀਆਂ ਦੇ ਲਈ। ਕਹਿੰਦੇ ਹੋ ਬਾਬਾ ਦੇਹ ਸਹਿਤ ਇਹ ਜੋ ਕੁਝ ਕਖਪਨ ਹੈ, ਸਭ ਕੁਝ ਤੁਹਾਨੂੰ ਦਿੰਦੇ ਹਾਂ ਅਤੇ ਤੁਹਾਡੇ ਤੋਂ ਫਿਰ ਉੱਥੇ ਸਭ ਕੁਝ ਲਵਾਂਗੇ। ਤਾਂ ਤੁਸੀਂ ਜਿਵੇਂ ਸੇਫ ਹੋ ਗਏ। ਸਭ ਕੁਝ ਬਾਬਾ ਦੀ ਤਿਜੌਰੀ ਵਿੱਚ ਸੇਫ ਹੋ ਗਿਆ। ਤੁਹਾਡੇ ਅੰਦਰ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ ਬਾਕੀ ਥੋੜ੍ਹਾ ਸਮਾਂ ਹੈ ਫਿਰ ਅਸੀਂ ਆਪਣੀ ਰਾਜਧਾਨੀ ਵਿੱਚ ਹੋਵਾਂਗੇ। ਤੁਹਾਨੂੰ ਕੋਈ ਪੁੱਛੇ ਤਾਂ ਕਹੋ, ਵਾਹ ਅਸੀਂ ਤਾਂ ਬੇਹੱਦ ਦੇ ਬਾਪ ਤੋਂ ਬੇਹੱਦ ਦਾ ਵਰਸਾ ਲੈ ਰਹੇ ਹਾਂ! ਏਵਰ ਹੈਲਦੀ, ਵੈਲਦੀ ਬਣਦੇ ਹਾਂ। ਸਾਡੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਰਹੀਆਂ ਹਨ।

ਬਾਪ ਸਮਝਾਉਂਦੇ ਹਨ ਮਿੱਠੇ ਬੱਚਿਓ ਹੁਣ ਦੇਹੀ-ਅਭਿਮਾਨੀ ਬਣੋ। ਯੋਗ ਦੀ ਸ਼ਕਤੀ ਨਾਲ ਤੁਸੀਂ ਕਿਸੇ ਨੂੰ ਥੋੜ੍ਹਾ ਵੀ ਸਮਝਾਓਗੇ ਤਾਂ ਉਸਨੂੰ ਝੱਟ ਤੀਰ ਲਗ ਜਾਵੇਗਾ। ਜਿਸ ਨੂੰ ਤੀਰ ਲਗਦਾ ਹੈ ਤਾਂ ਇੱਕਦਮ ਘਾਇਲ ਕਰ ਦਿੰਦੇ ਹਨ। ਪਹਿਲੋਂ ਘਾਇਲ ਹੁੰਦੇ ਹਨ ਫਿਰ ਬਾਬਾ ਦੇ ਬਣਦੇ ਹਨ। ਬਾਪ ਨੂੰ ਪਿਆਰ ਨਾਲ ਯਾਦ ਕਰਦੇ ਹਨ ਤਾਂ ਬਾਪ ਨੂੰ ਵੀ ਖਿੱਚ ਹੁੰਦੀ ਹੈ। ਕਈ ਤਾਂ ਬਿਲਕੁਲ ਹੀ ਯਾਦ ਨਹੀਂ ਕਰਦੇ। ਬਾਬਾ ਨੂੰ ਤਰਸ ਆਉਂਦਾ ਹੈ ਫਿਰ ਵੀ ਕਹਿਣਗੇ ਬੱਚੇ ਉੱਨਤੀ ਨੂੰ ਪਾਓ। ਅੱਗੇ ਨੰਬਰ ਵਿੱਚ ਆਓ। ਜਿੰਨਾਂ ਉੱਚ ਪਦਵੀ ਪਾਵਾਂਗੇ ਉਨਾਂ ਨੇੜ੍ਹੇ ਆਵਾਂਗੇ ਅਤੇ ਉਨਾਂ ਅਥਾਹ ਸੁੱਖ ਪਾਵਾਂਗੇ। ਪਤਿਤ ਪਾਵਨ ਤਾਂ ਇੱਕ ਹੀ ਬਾਪ ਹੈ, ਇਸਲਈ ਇੱਕ ਬਾਪ ਨੂੰ ਯਾਦ ਕਰਨਾ ਹੈ। ਸਿਰਫ਼ ਇੱਕ ਬਾਪ ਹੀ ਨਹੀਂ ਨਾਲ- ਨਾਲ ਸਵੀਟ ਹੋਮ ਨੂੰ ਵੀ ਯਾਦ ਕਰਨਾ ਹੈ। ਸਿਰਫ਼ ਸਵੀਟ ਹੋਮ ਨੂੰ ਹੀ ਨਹੀਂ, ਮਾਲ ਮਲਕੀਅਤ ਵੀ ਚਾਹੀਦੀ ਹੈ, ਇਸ ਲਈ ਸਵਰਗਧਾਮ ਨੂੰ ਵੀ ਯਾਦ ਕਰਨਾ ਹੈ। ਪਵਿੱਤਰ ਜਰੂਰ ਬਣਨਾ ਹੈ। ਜਿੰਨਾਂ ਹੋ ਸਕੇ ਬੱਚਿਆਂ ਨੇ ਅੰਤਰਮੁਖ ਹੋ ਕੇ ਰਹਿਣਾ ਹੈ। ਜ਼ਿਆਦਾ ਬੋਲੋ ਨਹੀਂ ਸ਼ਾਂਤ ਰਹੋ। ਬਾਪ ਬੱਚਿਆਂ ਨੂੰ ਸਿੱਖਿਆ ਦਿੰਦੇ ਹਨ ਮਿੱਠੇ ਬੱਚੇ ਅਸ਼ਾਂਤੀ ਨਹੀਂ ਫੈਲਾਉਣੀ ਹੈ। ਆਪਣੇ ਘਰ - ਗ੍ਰਹਿਸਥ ਵਿੱਚ ਰਹਿੰਦੇ ਵੀ ਬਹੁਤ ਸ਼ਾਂਤੀ ਵਿੱਚ ਰਹੋ। ਅੰਤਰਮੁਖ ਹੋ ਰਹੋ। ਬਹੁਤ ਮਿੱਠਾ ਬੋਲੋ। ਕਿਸੇ ਨੂੰ ਦੁੱਖ ਨਾ ਦੇਵੋ। ਕ੍ਰੋਧ ਨਾ ਕਰੋ। ਕ੍ਰੋਧ ਦਾ ਭੂਤ ਹੋਵੇਗਾ ਤਾਂ ਯਾਦ ਵਿੱਚ ਰਹਿ ਨਹੀਂ ਸਕੋਗੇ। ਬਾਪ ਕਿੰਨਾ ਮਿੱਠਾ ਹੈ, ਤਾਂ ਬੱਚਿਆਂ ਨੂੰ ਵੀ ਸਮਝਾਉਂਦੇ ਹਨ, ਬੁੱਧੀ ਨੂੰ ਧੱਕੇ ਨਾ ਖਵਾਓ। ਬਾਹਰ ਮੁੱਖੀ ਨਾ ਬਣੋ ਅੰਤਰ ਮੁੱਖੀ ਬਣੋ।

ਬਾਪ ਕਿੰਨਾ ਲਵਲੀ ਪਿਓਰ ਹੈ। ਤੁਹਾਨੂੰ ਬੱਚਿਆਂ ਨੂੰ ਵੀ ਆਪਣੇ ਵਰਗਾ ਪਿਓਰ ਬਣਾਉਂਦੇ ਹਨ। ਤੁਸੀਂ ਜਿਨ੍ਹਾਂ ਬਾਪ ਨੂੰ ਯਾਦ ਕਰੋਗੇ ਉਨਾਂ ਅਥਾਹ (ਜ਼ਿਆਦਾ) ਲਵਲੀ ਬਣੋਗੇ। ਦੇਵਤਾ ਕਿੰਨੇ ਲਵਲੀ ਹਨ, ਜੋ ਹਾਲੇ ਤੱਕ ਵੀ ਉਨ੍ਹਾਂ ਦੇ ਜੜ੍ਹ ਚਿਤਰਾਂ ਨੂੰ ਪੂਜਦੇ ਰਹਿੰਦੇ ਹਨ, ਤਾਂ ਬਾਪ ਕਹਿੰਦੇ ਹਨ ਬੱਚੇ ਤੁਸੀਂ ਫਿਰ ਤੋਂ ਇੰਦਾਂ ਦੇ ਲਵਲੀ ਬਣਨਾ ਹੈ। ਕੋਈ ਵੀ ਦੇਹਧਾਰੀ, ਕੋਈ ਵੀ ਚੀਜ਼ ਪਿਛਾੜੀ ਵਿਚ ਯਾਦ ਨਾ ਆਵੇ। ਇਤਨਾ ਪਿਆਰ ਨਾਲ ਬਾਪ ਨੂੰ ਯਾਦ ਕਰਨਾ ਹੈ ਜੋ ਬਸ ਬੈਠੇ -ਬੈਠੇ ਪ੍ਰੇਮ ਦੇ ਅੱਥਰੂ ਵਹਿੰਦੇ ਰਹਿਣ। ਬਾਬਾ, ਉਹ ਮਿੱਠਾ ਬਾਬਾ ਤੁਹਾਡੇ ਤੋਂ ਤਾਂ ਸਾਨੂੰ ਸਭ ਕੁਝ ਮਿਲ ਗਿਆ ਹੈ। ਬਾਬਾ ਤੁਸੀਂ ਸਾਨੂੰ ਕਿੰਨਾ ਲਵਲੀ ਬਣਾਉਂਦੇ ਹੋ। ਆਤਮਾ ਲਵਲੀ ਬਣਦੀ ਹੈ ਨਾ। ਜਿਵੇਂ ਬਾਪ ਅਤਿ ਲਵਲੀ ਪਿਓਰ ਹੈ ਇਵੇਂ ਪਿਓਰ ਬਣਨਾ ਹੈ। ਬਹੁਤ ਲਵ ਨਾਲ ਬਾਪ ਨੂੰ ਯਾਦ ਕਰਨਾ ਹੈ। ਬਾਬਾ ਤੁਹਾਡੇ ਤੋਂ ਇਲਾਵਾ ਸਾਡੇ ਸਾਮਣੇ ਦੂਸਰਾ ਕੋਈ ਨਾ ਆਏ। ਬਾਪ ਵਰਗਾ ਪਿਆਰਾ ਕੋਈ ਹੈ ਨਹੀਂ। ਸਭ ਉਸ ਮਸੂਕ ਦੇ ਆਸ਼ਿਕ ਬਣਦੇ ਹਨ। ਤਾਂ ਉਸ ਮਾਸ਼ੂਕ ਨੂੰ ਬਹੁਤ ਯਾਦ ਕਰਨਾ ਹੈ। ਬਾਬਾ ਨੇ ਦੱਸਿਆ ਹੈ ਉਹ ਜਿਸਮਾਨੀ ਆਸ਼ਿਕ-ਮਾਸ਼ੂਕ ਕੋਈ ਇਕੱਠੇ ਨਹੀਂ ਰਹਿੰਦੇ, ਇਕ ਵਾਰ ਵੇਖ ਲਿਆ ਬਸ, ਤਾਂ ਬਾਪ ਕਹਿੰਦੇ ਹਨ ਮਿੱਠੇ ਬੱਚੇ, ਮਾਮੇਕਮ ਯਾਦ ਕਰੋ ਤਾਂ ਬੇੜਾ ਪਾਰ ਹੈ। ਜਿਹੜੇ ਮਿੱਠੇ ਬਾਪ ਦੁਆਰਾ ਅਸੀਂ ਹੀਰੇ ਵਰਗੇ ਬਣਦੇ ਹਾਂ ਅਜਿਹੇ ਬਾਪ ਨਾਲ ਸਾਡਾ ਕਿੰਨਾ ਪਿਆਰ ਹੈ। ਬਹੁਤ ਪ੍ਰੇਮ ਨਾਲ ਬਾਪ ਨੂੰ ਯਾਦ ਕਰ ਅੰਦਰ ਰੋਮਾਂਚ ਖੜ੍ਹੇ ਹੋ ਜਾਣੇ

ਚਾਹੀਦੇ ਹਨ। ਜੋ ਵੀ ਨੁਕਸ ਹਨ ਉਨਾਂ ਨੂੰ ਕੱਢ ਕੇ ਪਿਓਰ ਹੀਰੇ ਬਣਨਾ ਹੈ। ਜੇਕਰ ਥੋੜੀ ਵੀ ਕਮੀ ਹੋਵੇਗੀ ਤਾਂ ਮੁੱਲ ਘੱਟ ਹੋ ਜਾਵੇਗਾ। ਖ਼ੁਦ ਨੂੰ ਬਹੁਤ ਕੀਮਤੀ ਹੀਰਾ ਬਨਾਉਣਾ ਹੈ। ਬਾਪ ਦੀ ਯਾਦ ਸਤਾਉਣੀ ਚਾਹੀਦੀ ਹੈ। ਭੁੱਲਣੀ ਨਹੀਂ ਚਾਹੀਦੀ ਬਲਕਿ ਹੋਰ ਹੀ ਯਾਦ ਸਤਾਉਣੀ ਚਾਹੀਦੀ ਹੈ। ਬਾਬਾ-ਬਾਬਾ ਕਹਿ ਇਕ ਦਮ ਠੰਡੇ ਹੋ ਜਾਣਾ ਚਾਹੀਦਾ ਹੈ। ਬਾਪ ਤੋਂ ਵਰਸਾ ਕਿੰਨਾ ਭਾਰੀ ਮਿਲਦਾ ਹੈ।

ਤੁਸੀਂ ਬੱਚੇ ਹਾਲੇ ਆਪਣੀ ਦੈਵੀ ਰਾਜਧਾਨੀ ਸਥਾਪਨ ਕਰ ਰਹੇ ਹੋ, ਪੁਰਸ਼ਾਰਥ ਤਾਂ ਸਾਰੇ ਕਰਦੇ ਹਨ। ਜੋ ਜ਼ਿਆਦਾ ਪੁਰਸ਼ਾਰਥ ਕਰਦੇ ਹਨ ਉਹ ਜ਼ਿਆਦਾ ਇਨਾਮ ਪਾਉਂਦੇ ਹਨ। ਇਹ ਤਾਂ ਕ਼ਾਇਦਾ ਹੈ। ਸਥਾਪਨਾ ਹੋ ਰਹੀ ਹੈ। ਇਸਨੂੰ ਦੇਵੀ ਰਾਜਧਾਨੀ ਕਹੋ ਜਾਂ ਬਗੀਚਾ ਕਹੋ। ਬਗੀਚੇ ਵਿੱਚ ਵੀ ਨੰਬਰਵਾਰ ਫੁੱਲ ਹੁੰਦੇ ਹਨ। ਕੋਈ ਤਾਂ ਬੜਾ ਫਸਟ ਕਲਾਸ ਫ਼ਲ ਦਿੰਦੇ ਹਨ ਕੋਈ ਹਲਕਾ ਫ਼ਲ ਦਿੰਦੇ ਹਨ। ਇਥੇ ਵੀ ਇਸ ਤਰ੍ਹਾਂ ਹੈ। ਕਲਪ ਪਹਿਲਾਂ ਦੀ ਤਰ੍ਹਾਂ ਮਿੱਠੇ ਵੀ ਬਣ ਰਹੇ ਹਨ, ਖੁਸ਼ਬੂਦਾਰ ਵੀ ਬਣ ਰਹੇ ਹਨ ਨੰਬਰਵਾਰ ਪੁਰਸ਼ਾਰਥ ਅਨੁਸਾਰ। ਵਰੇਇਟੀ ਫੁੱਲ ਹਨ। ਬੱਚਿਆਂ ਨੂੰ ਇਹ ਨਿਸਚੈ ਹੈ ਬੇਹੱਦ ਦੇ ਬਾਪ ਦੁਆਰਾ ਅਸੀਂ ਸਵਰਗ ਦੇ ਮਾਲਿਕ ਬਣ ਰਹੇ ਹਾਂ। ਸਵਰਗ ਦੇ ਮਾਲਿਕ ਬਣਨ ਨਾਲ ਖੁਸ਼ੀ ਬੜੀ ਹੁੰਦੀ ਹੈ। ਤਾਂ ਬਾਪ ਬੈਠ ਬੱਚਿਆਂ ਨੂੰ ਵੇਖਦੇ ਹਨ। ਘਰ ਦੇ ਉੱਪਰ ਧਨੀ ਦੀ ਨਜ਼ਰ ਰਹਿੰਦੀ ਹੈ ਨਾ। ਵੇਖਦੇ ਹਨ ਇਨ੍ਹਾਂ ਵਿੱਚ ਕਿਹੜੇ-ਕਿਹੜੇ ਗੁਣ ਹਨ। ਕਿਹੜੇ-ਕਿਹੜੇ ਅਵਗੁਣ ਹਨ। ਬੱਚੇ ਵੀ ਜਾਣਦੇ ਹਨ, ਇਸਲਈ ਬਾਬਾ ਕਹਿੰਦੇ ਹਨ ਆਪਣੀਆਂ ਖਾਮੀਆਂ ਲਿਖ ਕੇ ਆਓ। ਸੰਪੂਰਨ ਤਾਂ ਕੋਈ ਬਣਿਆ ਨਹੀਂ ਹੈ, ਹਾਂ ਬਣਨਾ ਹੈ। ਕਲਪ-ਕਲਪ ਬਣੇ ਹਾਂ। ਬਾਪ ਸਮਝਾਉਂਦੇ ਹਨ। ਖ਼ਾਮੀ ਮੁੱਖ ਹੈ ਸਾਰੀ ਦੇਹ - ਅਭਿਮਾਨ ਦੀ। ਦੇਹ- ਅਭਿਮਾਨ ਬਹੁਤ ਤੰਗ ਕਰਦਾ ਹੈ। ਅਵਸਥਾ ਨੂੰ ਵਧਣ ਨਹੀਂ ਦਿੰਦਾ । ਇਸ ਦੇਹ ਨੂੰ ਵੀ ਭੁੱਲਣਾ ਹੈ। ਇਹ ਪੁਰਾਣਾ ਸ਼ਰੀਰ ਛੱਡ ਜਾਣਾ ਹੈ। ਦੈਵੀ ਗੁਣ ਇੱਥੇ ਹੀ ਧਾਰਨ ਕਰਕੇ ਜਾਣਾ ਹੈ। ਜਾਣਾ ਹੈ ਤਾਂ ਕੋਈ ਵੀ ਫਲੋ ਨਹੀਂ ਹੋਣਾ ਚਾਹੀਦਾ। ਤੁਸੀਂ ਹੀਰੇ ਬਣਦੇ ਹੋ ਨਾ। ਕੀ-ਕੀ ਫਲੋ ਹੈ ਇਹ ਤਾਂ ਜਾਣਦੇ ਹੋ ਨਾ। ਉਸ ਹੀਰੇ ਵਿੱਚ ਕਈ ਫਲੋ ਹੁੰਦੇ ਹਨ ਪਰ ਉਸ ਵਿਚੋਂ ਕੱਢ ਨਹੀਂ ਸਕਦੇ, ਕਿਉਂਕਿ ਜੜ੍ਹ ਹੈ ਨਾ। ਉਨ੍ਹਾਂ ਨੂੰ ਫਿਰ ਕੱਟ ਕਰਨਾ ਪੈਂਦਾ ਹੈ। ਤੁਸੀਂ ਤਾਂ ਚੇਤੰਨ ਹੀਰੇ ਹੋ, ਤਾਂ ਜੋ ਵੀ ਫਲੋ ਹੈ ਉਸਨੂੰ ਇਕਦਮ ਕਢ ਕੇ ਫਲੋਲੈਸ ਪਿਛਾੜੀ ਤੱਕ ਬਣਨਾ ਹੈ। ਜੇਕਰ ਫਲੋ ਨਹੀਂ ਕੱਢੋਗੇ ਤਾਂ ਕੀਮਤ ਘੱਟ ਹੋ ਜਾਵੇਗੀ। ਤੁਸੀਂ ਚੇਤੰਨ ਹੋਣ ਦੇ ਕਾਰਣ ਫਲੋ ਨੂੰ ਕੱਢ ਸਕਦੇ ਹੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ -ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਜਿਨ੍ਹਾਂ ਹੋ ਸਕੇ ਅੰਤਰਮੁਖ ਹੋ, ਸ਼ਾਂਤੀ ਵਿੱਚ ਰਹਿਣਾ ਹੈ, ਜਿਆਦਾ ਨਹੀਂ ਬੋਲਣਾ ਹੈ। ਅਸ਼ਾਂਤੀ ਨਹੀਂ ਫੈਲਾਉਣੀ ਹੈ। ਬਹੁਤ ਮਿੱਠਾ ਬੋਲਣਾ ਹੈ, ਕਿਸੇ ਨੂੰ ਦੁੱਖ ਨਹੀਂ ਦੇਣਾ ਹੈ, ਕ੍ਰੋਧ ਨਹੀਂ ਕਰਨਾ ਹੈ। ਬਾਹਰ ਮੁਖੀ ਬਣ ਬੁੱਧੀ ਨੂੰ ਧੱਕੇ ਨਹੀਂ ਖਵਾਉਣੇ ਹਨ।

2. ਪ੍ਰਫੈਕਟ ਬਣਨ ਦੇ ਲਈ ਇਮਾਨਦਾਰੀ ਨਾਲ ਆਪਣੀ ਪਰਖ ਕਰਨੀ ਹੈ ਕਿ ਸਾਡੇ ਵਿੱਚ ਕੀ-ਕੀ ਖ਼ਾਮੀ ਹੈ? ਸਾਖ਼ਸ਼ੀ ਹੋ ਆਪਣੀ ਚਾਲ ਨੂੰ ਵੇਖਣਾ ਹੈ। ਭੂਤਾਂ ਨੂੰ ਭਜਾਉਣ ਦੀ ਯੁਕਤੀ ਰਚਣੀ ਹੈ।

ਵਰਦਾਨ:- ਪ੍ਰਕ੍ਰਿਤੀ ਦਵਾਰਾ ਆਉਣ ਵਾਲੀਆਂ ਪ੍ਰਸਥਿਤੀਆਂ ਤੇ ਵਿਜੇ ਪ੍ਰਾਪਤ ਕਰਨ ਵਾਲੇ ਪੁਰਸ਼ੋਤਮ ਆਤਮਾ ਭਵ।
ਬ੍ਰਾਹਮਣ ਆਤਮਾਵਾਂ ਪੁਰਸ਼ੋਤਮ ਆਤਮਾਵਾਂ ਹਨ। ਪ੍ਰਾਕ੍ਰਿਤੀ ਪੁਰਸ਼ੋਤਮ ਆਤਮਾਵਾਂ ਦੀ ਦਾਸੀ ਹੈ। ਪੁਰਸ਼ੋਤਮ ਆਤਮਾ ਨੂੰ ਪ੍ਰਕ੍ਰਿਤੀ ਪ੍ਰਭਾਵਿਤ ਨਹੀਂ ਕਰ ਸਕਦੀ ਹੈ। ਤਾਂ ਚੈਕ ਕਰੋ ਪ੍ਰਕ੍ਰਿਤੀ ਦੀ ਹਲਚਲ ਆਪਣੇ ਵੱਲ ਆਕਰਸ਼ਿਤ ਤਾਂ ਨਹੀਂ ਕਰਦੀ ਹੈ? ਪ੍ਰਾਕ੍ਰਿਤੀ ਸਾਧਨਾ ਅਤੇ ਸੈਲਵੇਸ਼ਨ ਦੇ ਰੂਪ ਵਿਚ ਪ੍ਰਭਾਵਿਤ ਤਾਂ ਨਹੀਂ ਕਰਦੀ ਹੈ? ਯੋਗੀ ਜਾਂ ਪ੍ਰਯੋਗੀ ਆਤਮਾ ਦੀ ਸਾਧਨਾ ਦੇ ਅੱਗੇ ਸਾਧਨ ਖੁਦ ਆਉਂਦੇ ਹਨ। ਸਾਧਨ ਸਾਧਨਾ ਦਾ ਆਧਾਰ ਨਹੀਂ, ਲੇਕਿਨ ਸਾਧਨਾ ਸਾਧਨਾਂ ਨੂੰ ਆਧਾਰ ਬਣਾ ਦਿੰਦੀ ਹੈ।

ਸਲੋਗਨ:- ਗਿਆਨ ਦਾ ਅਰਥ ਹੈ ਅਨੁਭਵ ਕਰਨਾ ਅਤੇ ਦੂਸਰਿਆਂ ਨੂੰ ਅਨੁਭਵੀ ਬਨਾਉਣਾ।

******

ਅਵਿਅਕਤੀ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਸਦਾ ਆਪਣੇ ਨੂੰ ਡਬਲ ਲਾਈਟ ਸਮਝ ਕੇ ਸੇਵਾ ਕਰਦੇ ਚੱਲੋ। ਜਿੰਨਾਂ ਸੇਵਾ ਵਿਚ ਹਲਕਾਪਣ ਹੋਵੇਗਾ ਉਤਨਾ ਸਹਿਜ ਉਡੋਗੇ ਅਤੇ ਉਡਾਓਗੇ। ਡਬਲ ਲਾਈਟ ਬਣ ਸੇਵਾ ਕਰਨਾ, ਯਾਦ ਵਿੱਚ ਰਹਿ ਕੇ ਸੇਵਾ ਕਰਨਾ, ਇਹ ਹੀ ਸਫਲਤਾ ਦਾ ਆਧਾਰ ਹੈ। ਕਿੰਨਾਂ ਵੀ ਆਵਾਜ਼ ਅਤੇ ਕਿਨਾਂ ਵੀ ਤਮੋਗੁਨੀ ਵਾਤਾਵਰਣ ਹੋਵੇ ਲੇਕਿਨ ਸਾਇਲੇਂਸ ਦੀ ਸ਼ਕਤੀ ਤੋਂ ਵੇਸਟ ( ਵਿਅਰਥ ) ਸਮਾਪਤ ਹੋਣ ਦੇ ਕਾਰਣ ਬੈਸਟ ( ਸ੍ਰੇਸ਼ਠ ) ਸਥਿਤੀ ਵਿਚ ਸਥਿਤੀ ਹੋਣ ਨਾਲ ਸਦਾ ਰੈਸਟ ( ਆਰਾਮ ) ਦਾ ਅਨੁਭਵ ਕਰ ਸਕੋਗੇ।